ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜਰਵੇਸਨ ਸੈਲ)

ਸੇਵਾ ਵਿਖੇ,

ਰਾਜ ਦੇ ਸਮੂਹ ਵਿੱਤੀ ਕਮਿਸਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ ।

ਮੀਮੋ ਨੰ:8 /26/2014-ਰਸ4/ 281
ਮਿਤੀ,ਚੰਡੀਗੜ੍ਹ:- 19.3.2014

ਵਿਸਾ:- ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋ ਵੱਖ-ਵੱਖ ਕੈਟਾਗਰੀ ਦੀਆਂ ਅਸਾਮੀਆਂ ਦੀ ਪਦ-ਉਨਤੀ ਲਈ ਕਰਵਾਈਆਂ ਜਾਂਦੀਆਂ ਵਿਭਾਗੀ ਤਰੱਕੀ ਕਮੇਟੀ ਦੀਆਂ ਮੀਟਿੰਗਾਂ ਦੇ ਅਜੰਡਾ ਨੋਟ ਅਧੂਰੇ ਅਤੇ ਕੇਵਲ ਇਕ ਜਾ ਦੋ ਦਿਨ ਪਹਿਲਾਂ ਭੇਜੇ ਜਾਣ ਕਾਰਨ ਇਨ੍ਹਾਂ ਅਜੰਡਾ ਨੋਟਸ ਨੂੰ ਘੋਖਣ ਵਿਚ ਭਲਾਈ ਵਿਭਾਗ ਨੂੰ ਆ ਰਹੀਆਂ ਮੁਸਕਲਾਂ ਸਬੰਧੀ ।

ਉਪਰਕੋਤ ਵਿਸੇ ਦੇ ਹਵਾਲੇ ਵਿਚ ।

2. ਵਿਸਾ ਅੰਕਿਤ ਮਾਮਲੇ ਸਬੰਧੀ ਆਮ ਤੋਰ ਤੇ ਵੇਖਣ ਵਿਚ ਆਇਆ ਹੈ ਕਿ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋ ਵੱਖ-ਵੱਖ ਕੈਟਾਗਰੀ ਦੀਆਂ ਅਸਾਮੀਆਂ ਦੀ ਪਦ-ਉੱਨਤੀ ਲਈ ਕਰਵਾਈਆਂ ਜਾਂਦੀਆਂ ਵਿਭਾਗੀ ਤਰੱਕੀ ਕਮੇਟੀ ਦੀਆਂ ਮੀਟਿੰਗਾਂ ਦੇ ਅਜੰਡਾ ਨੋਟ ਅਧੂਰੇ ਅਤੇ ਕੇਵਲ ਇਕ ਜਾ ਦੋ ਦਿਨ ਪਹਿਲਾਂ ਭਲਾਈ ਵਿਭਾਗ ਨੂੰ ਭੇਜੇ ਜਾਦੇ ਹਨ ਜਿਸ ਕਾਰਨ ਇਨ੍ਹਾਂ ਅਜੰਡਾ ਨੋਟਸ ਨੂੰ ਘੋਖਣ ਲਈ ਭਲਾਈ ਵਿਭਾਗ ਨੂੰ ਲੋੜੀਂਦਾ ਵਕਤ ਨਹੀ ਮਿਲਦਾ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਪ੍ਰਬੰਧਕੀ ਵਿਭਾਗਾਂ ਵੱਲੋ ਭੇਜੇ ਜਾਂਦੇ ਅਜੰਡਾ ਨੋਟ ਅਕਸਰ ਅਧੂਰੇ ਹੁੰਦੇ ਹਨ। ਉਦਾਹਰਣ ਦੇ ਤੌਰ ਤੇ ਡੀ.ਪੀ.ਸੀ ਮੀਟਿੰਗਾਂ ਲਈ ਪ੍ਰਾਪਤ ਹੋਣ ਵਾਲੇ ਅਜੰਡਾ ਨੋਟਸ ਦੇ ਨਾਲ ਆਮ ਤੌਰ ਤੇ ਅਪਡੇਟ ਚੈੱਕਡ ਰੋਸਟਰ ਰਜਿਸਟਰ ਦੀ ਕਾਪੀ ਨਾਲ ਨੱਥੀ ਨਹੀ ਕੀਤੀ ਜਾਦੀ ਅਤੇ ਨਾ ਹੀ ਭਲਾਈ ਵਿਭਾਗ ਨੂੰ ਲੋੜੀਂਦੀ ਚੈੱਕ ਲਿਸਟ ਨਾਲ ਨੱਥੀ ਕੀਤੀ ਜਾਂਦੀ ਹੈ। ਵੱਖ-ਵੱਖ ਵਿਭਾਗਾਂ ਵੱਲੋ ਭੇਜੇ ਜਾਣ ਵਾਲੇ ਅਜਿਹੇ ਅਧੂਰੇ ਅਜੰਡਾ ਨੋਟਸ ਨੂੰ ਇਤਨੇ ਘੱਟ ਸਮੇਂ ਵਿਚ ਭਲਾਈ ਵਿਭਾਗ ਵੱਲੋ ਘੋਖਣ ਉਪਰੰਤ ਆਪਣੇ ਨੁਮਾਇੰਦੇ ਦੀ ਡੀ.ਪੀ.ਸੀ ਦੀਆਂ ਮੀਟਿੰਗਾਂ ਲਈ ਡਿਊਟੀ ਲਗਾਈ ਜਾਣੀ ਸੰਭਵ ਨਹੀ ਹੁੰਦੀ।

3. ਉਕਤ ਲਿਖੀ ਗਈ ਸਥਿਤੀ ਦੇ ਮੱਦੇ ਨਜ਼ਰ ਆਪ ਜੀ ਨੂੰ ਬੇਨਤੀ ਹੈ ਕਿ ਡੀ.ਪੀ.ਸੀ ਮੀਟਿੰਗਾਂ ਨਾਲ ਸਬੰਧਤ ਅਜੰਡਾ ਨੋਟਸ ਹਰ ਪੱਖੋ ਮੁਕੰਮਲ ਘੱਟੋ ਘੱਟ 15 ਦਿਨ ਪਹਿਲਾਂ ਭਲਾਈ ਵਿਭਾਗ ਨੂੰ ਭੇਜੇ ਜਾਣ ਅਤੇ ਭੇਜੇ ਜਾਣ ਵਾਲੇ ਅਜੰਡਾ ਨੋਟਸ ਦੇ ਨਾਲ ਅਪਡੇਟ ਚੈੱਕਡ ਰੋਸਟਰ ਰਜਿਸਟਰ ਦੀ ਕਾਪੀ ਅਤੇ ਭਲਾਈ ਵਿਭਾਗ ਨੂੰ ਲੋੜੀਂਦੀ

ਨਿਮਨਲਿਖਤ ਚੈੱਕ ਲਿਸਟ ਦੀ ਕਾਪੀ ਅਜੰਡਾ ਨੋਟ ਦੇ ਨਾਲ ਭੇਜੀ ਜਾਵੇ, ਤਾ ਜੋ ਡੀ.ਪੀ.ਸੀ. ਦੀਆਂ ਮੀਟਿੰਗਾਂ ਸਮੇਂ ਸਿਰ ਕਰਵਾਉਣ ਵਿਚ ਕੋਈ ਮੁਸਕਲ ਪੇਸ ਨਾ ਆਵੇ:-

1. ਪਦ-ਉਨਤੀ ਵਾਲੀ ਅਸਾਮੀ ਨਾਲ ਸਬੰਧਤ ਕਾਡਰ ਵਿਚ ਕੁੱਲ ਮੰਨਜੂਰ-ਸ਼ੁਦਾ ਅਸਾਮੀਆਂ ਦੀ ਗਿਣਤੀ।
2 ਵਿਭਾਗੀ ਨਿਯਮਾਂ ਅਨੁਸਾਰ ਸਬੰਧਤ ਕਾਡਰ ਵਿਚ ਸਿੱਧੀ ਭਰਤੀ ਦੀਆਂ ਅਸਾਮੀਆਂ ਦੀ ਕੁੱਲ ਗਿਣਤੀ।
3. ਵਿਭਾਗੀ ਨਿਯਮਾਂ ਅਨੁਸਾਰ ਸਬੰਧਤ ਕਾਡਰ ਵਿਚ ਪਦ-ਉਨਤੀ ਵਾਲੀਆਂ ਅਸਾਮੀਆਂ ਦੀ ਕੁੱਲ ਗਿਣਤੀ।
4. ਪਦ-ਉਨਤੀ ਵਾਲੀਆਂ ਅਸਾਮੀਆਂ ਵਿਚੋਂ ਭਰੀਆਂ ਹੋਈਆਂ ਅਸਾਮੀਆਂ ਦੀ ਗਿਣਤੀ
5. ਪੱਦ ਉਨਤੀ ਰਾਹੀਂ ਭਰੀਆਂ ਹੋਈਆਂ ਅਸਾਮੀਆਂ ਵਿਚੋਂ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ/ ਅਧਿਕਾਰੀਆਂ ਦਾ ਬਣਦਾ ਕੋਟਾ।
6. ਪੱਦ ਉਨਤੀ ਰਾਹੀਂ ਭਰੀਆਂ ਹੋਈਆਂ ਅਸਾਮੀਆਂ ਵਿਚੋਂ ਬਣਦੇ ਕੋਟੇ ਅਨੁਸਾਰ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ/ ਅਧਿਕਾਰੀਆਂ ਦੀ ਮੌਜੂਦਾ ਗਿਣਤੀ........... ਅਤੇ ਬੈਕਲਾਗ, ਅਗਰ ਕੋਈ ਹੈ, ਤਾਂ ਬੈਕਲਾਗ ਦੀਆਂ ਅਸਾਮੀਆਂ ਦੀ ਗਿਣਤੀ...........
7. ਪਦ-ਉਨਤੀ ਰਾਂਹੀਂ ਮੌਜੂਦਾ ਭਰੀਆਂ ਜਾਣ ਵਾਲੀਆਂ ਅਸਾਮੀਆਂ ਦੀ ਗਿਣਤੀ।
8. ਪੱਦ ਉਨਤੀ ਰਾਹੀਂ ਭਰੀਆਂ ਹੋਈਆਂ ਅਸਾਮੀਆਂ + ਭਰੀਆਂ ਜਾਣ ਵਾਲੀਆਂ ਅਸਾਮੀਆਂ ਵਿਚੋਂ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ/ਅਧਿਕਾਰੀਆਂ ਦਾ ਬਣਦਾ ਕੋਟਾ।
9. ਪਦ-ਉਨਤੀ ਰਾਹੀਂ ਮੌਜੂਦਾ ਭਰੀਆਂ ਜਾਣ ਵਾਲੀਆਂ ਅਸਾਮੀਆਂ ਵਿਚੋਂ ਜਨਰਲ ਕੈਟੇਗਰੀ ਦਾ ਬਣਦਾ ਕੋਟਾ

4. ਡੀ.ਪੀ.ਸੀ. ਮੀਟਿੰਗਾਂ ਲਈ ਭੇਜੇ ਜਾਣ ਵਾਲੇ ਸਾਰੇ ਅਜੰਡਾ ਨੋਟਿਸ ਦੇ ਨਾਲ ਉਕਤ ਅੰਕਿਤ ਸਾਰੇ ਦਸਤਾਵੇਜ ਨਾਲ ਨੱਥੀ ਕੀਤੇ ਜਾਣੇ ਯਕੀਨੀ ਬਣਾਏ ਜਾਣ।

ਸੁਪਰਡੰਟ 19/3/14